# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 22 ਦਸੰਬਰ 2025 ਦਿਨ ਸੋਮਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਸੁਖਪ੍ਰੀਤ ਬੱਡੋਂ ਦੀ ਪੁਸਤਕ 'ਯਾਰ ਰਬਾਬੀ' ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼ – ਹਰਦਮ ਮਾਨ

ਸਰੀ, 22 ਦਸੰਬਰ : ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਵੱਲੋਂ ਪਿਛਲੇ ਦਿਨੀਂ ਸੀਨੀਅਰ ਸਿਟੀਜ਼ਨ ਸੈਂਟਰ, ਸਰੀ ਵਿਖੇ ਇੱਕ ਵਿਸ਼ੇਸ਼ ਸਾਹਿਤਕ ਸਮਾਗਮ ਕਰਵਾਇਆ ਗਿਆ। ਇਹ ਸਮਾਗਮ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਰਿਹਾ। ਇਸ ਵਿਚ ਜਿਸ ਵਿੱਚ ਸੁਖਪ੍ਰੀਤ ਬੱਡੋਂ ਦੀ ਨਵੀਂ ਪੁਸਤਕ 'ਯਾਰ ਰਬਾਬੀ' ਲੋਕ ਅਰਪਣ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਪਲਵਿੰਦਰ ਸਿੰਘ ਰੰਧਾਵਾ, ਲੇਖਿਕਾ ਸੁਖਪ੍ਰੀਤ ਬੱਡੋਂ, ਖੇਡ ਪੱਤਰਕਾਰ ਸੰਤੋਖ ਸਿੰਘ ਮੰਡੇਰ ਅਤੇ ਡਾ. ਰਾਜਿੰਦਰ ਪਾਲ ਸਿੰਘ ਬਰਾੜ ਨੇ ਕੀਤੀ।



ਸਮਾਗਮ ਦੀ ਸ਼ੁਰੂਆਤ ਸ਼ੋਕ ਮਤੇ ਨਾਲ ਹੋਈ, ਜਿਸ ਦੌਰਾਨ ਪੰਜਾਬ ਦੇ ਜੰਮਪਲ ਅਤੇ ਉਰਦੂ ਸ਼ਾਇਰੀ ਨਾਲ ਡੂੰਘੀ ਸਾਂਝ ਰੱਖਣ ਵਾਲੇ ਪ੍ਰਸਿੱਧ ਬੌਲੀਵੁਡ ਅਭਿਨੇਤਾ ਧਰਮਿੰਦਰ ਸਿੰਘ ਦਿਓਲ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਉਪਰੰਤ ਸਭਾ ਦੇ ਮੀਤ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ ਨੇ ਧਾਰਮਿਕ ਗੀਤ ਗਾ ਕੇ ਸਮਾਗਮ ਨੂੰ ਰੂਹਾਨੀ ਮਾਹੌਲ ਪ੍ਰਦਾਨ ਕੀਤਾ।

ਇਸ ਮੌਕੇ ਲੇਖਿਕਾ ਸੁਖਪ੍ਰੀਤ ਬੱਡੋਂ ਦੀ ਨਵੀਂ ਪੁਸਤਕ 'ਯਾਰ ਰਬਾਬੀ' ਨੂੰ ਵਿਦਵਾਨਾਂ, ਲੇਖਕਾਂ ਅਤੇ ਸਰੋਤਿਆਂ ਦੀ ਭਰਪੂਰ ਹਾਜਰੀ ਵਿੱਚ ਲੋਕ ਅਰਪਣ ਕੀਤਾ ਗਿਆ। ਪੁਸਤਕ ਉੱਪਰ ਵਿਚਾਰ ਪੇਸ਼ ਕਰਦਿਆਂ ਪ੍ਰਿਤਪਾਲ ਗਿੱਲ, ਪ੍ਰੋ. ਹਰਿੰਦਰ ਕੌਰ ਸੋਹੀ, ਜਸਬੀਰ ਮਾਨ, ਆਰਟਿਸਟ ਕਿਕੂ, ਅਜਮੇਰ ਰੋਡੇ, ਡਾ. ਪ੍ਰਿਥੀਪਾਲ ਸਿੰਘ ਸੋਹੀ, ਬਲਦੇਵ ਸਿੰਘ ਬਾਠ, ਡਾ. ਚਰਨਜੀਤ ਕੌਰ ਅਤੇ ਬਿੰਦੂ ਮਠਾਰੂ ਨੇ ਵਿਸਥਾਰਪੂਰਕ ਪਰਚੇ ਪੜ੍ਹੇ ਅਤੇ ਰਚਨਾ ਦੇ ਵਿਸ਼ੇ, ਸੰਰਚਨਾ ਅਤੇ ਸਮਕਾਲੀ ਮਹੱਤਤਾ ਉੱਤੇ ਚਾਨਣਾ ਪਾਇਆ। ਕਵਿੰਦਰ ਚਾਂਦ, ਡਾ. ਰਾਜਿੰਦਰ ਪਾਲ ਸਿੰਘ ਬਰਾੜ ਅਤੇ ਚਰਨਜੀਤ ਕੌਰ ਬਰਾੜ ਵੱਲੋਂ ਵੀ ਵਿਚਾਰ ਪ੍ਰਗਟ ਕੀਤੇ ਗਏ। ਪੁਸਤਕ ਲੋਕ ਅਰਪਣ ਉਪਰੰਤ ਲੇਖਿਕਾ ਸੁਖਪ੍ਰੀਤ ਬੱਡੋਂ ਨੇ ਆਪਣੀ ਪੁਸਤਕ ਦੀ ਰਚਨਾਤਮਕ ਯਾਤਰਾ ਅਤੇ ਮਕਸਦ ਬਾਰੇ ਮੁੱਢਲੀ ਜਾਣਕਾਰੀ ਦਿੱਤੀ। ਇਸ ਦੌਰਾਨ ਪ੍ਰੋ. ਕਸ਼ਮੀਰਾ ਸਿੰਘ ਨੇ "ਮਹਾਨ ਸਿਕੰਦਰ ਅਤੇ ਪੰਜਾਬ" ਵਿਸ਼ੇ 'ਤੇ ਇਤਿਹਾਸਕ ਪਰਿਪੇਖ ਵਿੱਚ ਵਿਚਾਰ ਸਾਂਝੇ ਕੀਤੇ।

ਸਮਾਗਮ ਦੇ ਅਗਲੇ ਪੜਾਅ ਵਿੱਚ ਕਰਵਾਏ ਕਵੀ ਦਰਬਾਰ ਵਿਚ ਸਭਾ ਦੇ ਮੈਂਬਰਾਂ, ਸਥਾਨਕ ਅਤੇ ਮਹਿਮਾਨ ਕਵੀਆਂ–ਕਵਿਤਰੀਆਂ ਵੱਲੋਂ ਗੀਤ, ਗ਼ਜ਼ਲਾਂ ਅਤੇ ਕਵਿਤਾਵਾਂ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਕੀਤੀ ਗਈ। ਕਵੀ ਦਰਬਾਰ ਵਿੱਚ ਪਲਵਿੰਦਰ ਸਿੰਘ ਰੰਧਾਵਾ, ਸੁਰਜੀਤ ਸਿੰਘ ਗਿੱਲ, ਗੁਰਦਰਸ਼ਨ ਸਿੰਘ ਮਠਾਰੂ, ਅਮਰੀਕ ਪਲਾਹੀ, ਹਰਚੰਦ ਸਿੰਘ ਗਿੱਲ, ਮਨਜੀਤ ਮੱਲ੍ਹਾ, ਇੰਦਰਜੀਤ ਸਿੰਘ ਧਾਮੀ, ਬਿੱਕਰ ਸਿੰਘ ਖੋਸਾ, ਰਾਜਵੰਤ ਰਾਜ, ਬਲਬੀਰ ਕੌਰ ਢਿੱਲੋਂ, ਪ੍ਰੋ. ਹਰਿੰਦਰ ਕੌਰ ਸੋਹੀ, ਦਰਸ਼ਨ ਸੰਘਾ, ਕਵਿੰਦਰ ਚਾਂਦ, ਬਲਦੇਵ ਬਾਠ, ਪ੍ਰੀਤ ਪਾਲ ਪੂੰਨੀ, ਬਿੰਦੂ ਮਠਾਰੂ, ਅਜਮੇਰ ਰੋਡੇ, ਹਰਸ਼ਰਨ ਸਿੰਘ ਸਿੱਧੂ, ਚਰਨਜੀਤ ਕੌਰ, ਡਾ. ਰਾਜਿੰਦਰ ਪਾਲ ਸਿੰਘ ਬਰਾੜ, ਸੁਰਿੰਦਰ ਸਿੰਘ ਭਲਵਾਨ, ਆਰਟਿਸਟ ਕਿਕੂ ਅਤੇ ਨਰਿੰਦਰ ਬਾਹੀਆ ਨੇ ਰਚਨਾਵਾਂ ਪੇਸ਼ ਕੀਤੀਆਂ।

ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀ ਵੀ ਮੌਜੂਦ ਸਨ। ਅੰਤ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਲੇਖਿਕਾ ਸੁਖਪ੍ਰੀਤ ਬੱਡੋਂ, ਖੇਡ ਪੱਤਰਕਾਰ ਸੰਤੋਖ ਸਿੰਘ ਮੰਡੇਰ ਅਤੇ ਜਸਬੀਰ ਸਿੰਘ ਭਲੂਰੀਆ ਨੂੰ ਸਨਮਾਨਿਤ ਕੀਤਾ ਗਿਆ। ਲੇਖਿਕਾ ਅਤੇ ਉਸ ਦੇ ਪਰਿਵਾਰ ਵੱਲੋਂ ਸੀਨੀਅਰ ਸਿਟੀਜ਼ਨ ਸੈਂਟਰ ਦੇ ਅਹੁਦੇਦਾਰਾਂ ਨੂੰ ਪੁਸਤਕਾਂ ਭੇਂਟ ਕੀਤੀਆਂ ਗਈਆਂ। ਅਖੀਰ ਵਿੱਚ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਾਰੇ ਲੇਖਕਾਂ, ਕਵੀਆਂ, ਵਿਦਵਾਨਾਂ, ਸਰੋਤਿਆਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਸਮਾਗਮ ਦਾ ਸੰਚਾਲਨ ਪਲਵਿੰਦਰ ਸਿੰਘ ਰੰਧਾਵਾ ਨੇ ਬਾਖੂਬੀ ਕੀਤਾ।

## 'ਮਾਮਲਾ ਰਗਬੀ ਖੇਡਾਂ ਦੀਆਂ ਬੇਨਿਯਮੀਆਂ ਦਾ'
## ਸਕੂਲੀ ਖੇਡਾਂ ਦੇ ਸੂਬਾ ਪੱਧਰੀ ਮੁਕਾਬਲਿਆਂ ਦੌਰਾਨ ਖਿਡਾਰੀਆਂ ਨਾਲ ਹੋਇਆ ਵਿਤਕਰਾ : ਕੋਚ
## ਸਰਕਾਰ ਵੱਲੋਂ ਨਿਰਧਾਰਤ ਸਿਲੈਕਸ਼ਨ ਕਮੇਟੀ 'ਚ ਸਾਡੀ ਕੋਈ ਦਖਲਅੰਦਾਜੀ ਨਹੀਂ ਹੁੰਦੀ : ਏ.ਈ.ਓ.

ਵਰਲਡ ਪੰਜਾਬੀ ਟਾਈਮਜ਼ – ਟਿੰਕੂ ਕੁਮਾਰ

ਕੋਟਕਪੂਰਾ, 22 ਦਸੰਬਰ : 'ਖੇਡਾਂ ਵਤਨ ਪੰਜਾਬ ਦੀਆਂ' ਅਤੇ ਸਕੂਲੀ ਖੇਡਾਂ ਰਾਹੀਂ ਬੱਚਿਆਂ ਤੇ ਨੌਜਵਾਨਾ ਨੂੰ ਸਰੀਰਕ ਪੱਖੋਂ ਰਿਸ਼ਟ ਪੁਸ਼ਟ, ਤੰਦਰੁਸਤ ਅਤੇ ਰੁਜਗਾਰ ਦੇ ਮੌਕੇ ਮੁਹੱਈਆ ਕਰਵਾਉਣ ਦੇ ਸਰਕਾਰ ਦੇ ਦਾਅਵਿਆਂ ਦੇ ਬਾਵਜੂਦ ਵੀ ਖਿਡਾਰੀ, ਰੈਫਰੀ ਅਤੇ ਕੋਚ ਵਿਤਕਰੇਬਾਜੀ ਦਾ ਸ਼ਿਕਾਰ ਹੋ ਰਹੇ ਹਨ। ਫਰੀਦਕੋਟ ਵਿਖੇ 69ਵੀਂ ਰਗਬੀ ਸਟੇਟ ਟੂਰਨਾਮੈਂਟ ਦੌਰਾਨ ਹੋਏ ਪੱਖਪਾਤ, ਧੱਕੇਸ਼ਾਹੀ, ਵਿਤਕਰੇਬਾਜੀ, ਅਣਗਹਿਲੀ ਅਤੇ ਲਾਪ੍ਰਵਾਹੀ ਦੇ ਸਬੂਤਾਂ ਸਮੇਤ ਦਸਤਾਵੇਜ ਦੀਆਂ ਕਾਪੀਆਂ ਪੱਤਰਕਾਰਾਂ ਨੂੰ ਸੌਂਪਦਿਆਂ ਪ੍ਰੈਸ ਕਾਨਫਰੰਸ ਦੌਰਾਨ ਤਿੰਨ ਕੋਚਾਂ ਦਵਿੰਦਰ ਸਿੰਘ ਜੋਟੀ, ਜਸਵਿੰਦਰ ਸਿੰਘ ਹਰੀਨੌ ਅਤੇ ਅਮੋਲਕ ਸਿੰਘ



ਬਰਾੜ ਨੇ ਦਾਅਵਾ ਕੀਤਾ ਕਿ ਵਿਤਕਰੇਬਾਜੀ, ਪੱਖਪਾਤ ਅਤੇ ਧੱਕੇਸ਼ਾਹੀ ਦੇ ਬਾਵਜੂਦ ਵੀ ਪਹਿਲੇ, ਦੂਜੇ, ਤੀਜੇ ਮੈਚਾਂ ਸਮੇਤ ਕੁਆਟਰ ਫਾਈਨਲ, ਸੈਮੀਫਾਈਨਲ ਅਤੇ ਫਾਈਨਲ ਮੁਕਾਬਲਿਆਂ ਵਿੱਚ ਵਿਰੋਧੀਆਂ ਨੂੰ ਜੀਰੋ 'ਤੇ ਰੱਖ ਕੇ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਵਾਲੇ ਫਰੀਦਕੋਟ ਦੇ ਖਿਡਾਰੀਆਂ ਦੀ ਨੈਸ਼ਨਲ ਲਈ ਚੋਣ ਨਾ ਕਰਨ ਨਾਲ ਖਿਡਾਰੀਆਂ ਦੇ ਹੌਂਸਲੇ ਪਸਤ ਹੋਣੇ ਸੁਭਾਵਿਕ ਹਨ ਪਰ ਜੇਕਰ ਸਰਕਾਰ ਵਲੋਂ ਇਸ ਦੀ ਬਰੀਕੀ ਨਾਲ ਜਾਂਚ ਕਰਵਾਈ ਜਾਵੇ ਤਾਂ ਜਿੱਥੇ ਬਹੁਤ ਵੱਡਾ ਘਪਲਾ ਸਾਹਮਣੇ ਆ ਸਕਦਾ ਹੈ, ਉੱਥੇ ਸਿਲੈਕਸ਼ਨ ਕਮੇਟੀ ਦੀ ਮਨਸ਼ਾ, ਮਕਸਦ ਅਤੇ ਸੋਚ ਸਬੰਧੀ ਵੀ ਸਥਿੱਤੀ ਸਪੱਸ਼ਟ ਹੋ ਸਕਦੀ ਹੈ। ਉਹਨਾ ਦੱਸਿਆ ਕਿ ਉਪਰੋਕਤ 6 ਮੁਕਾਬਲਿਆਂ ਵਿੱਚ ਫਰੀਦਕੋਟ ਨੇ ਫਾਜਿਲਕਾ ਨੂੰ 5-0, ਲੁਧਿਆਣਾ 4-0, ਕਪੂਰਥਲਾ ਨੂੰ 3-0, ਪਟਿਆਲਾ ਨੂੰ 4-0, ਅੰਮ੍ਰਿਤਸਰ ਨੂੰ 3-0 ਅਤੇ ਮੋਗਾ ਨੂੰ 8-0 'ਤੇ ਆਊਟ ਕਰਕੇ ਜਿੱਤ ਪ੍ਰਾਪਤ ਕੀਤੀ ਪਰ ਫਿਰ ਵੀ ਉਪਰੋਕਤ ਹੋਣਹਾਰ ਖਿਡਾਰੀਆਂ ਨਾਲ ਪੱਖਪਾਤ ਕਰਕੇ ਵਿਤਕਰੇਬਾਜੀ ਕੀਤੀ ਗਈ ਤੇ ਉਹਨਾਂ ਦੀ ਨੈਸ਼ਨਲ ਲਈ ਚੋਣ ਕਰਨ ਦੀ ਜਰੂਰਤ ਹੀ ਨਹੀਂ ਸਮਝੀ ਗਈ। ਉਹਨਾ ਧੱਕੇਸ਼ਾਹੀ ਅਤੇ ਵਿਤਕਰੇਬਾਜੀ ਦਾ ਸ਼ਿਕਾਰ ਹੋਏ ਖਿਡਾਰੀਆਂ ਨੂੰ ਵੀ ਪੱਤਰਕਾਰਾਂ ਦੇ ਸਨਮੁੱਖ ਕੀਤਾ ਤਾਂ ਉਹਨਾ ਵੀ ਪੱਤਰਕਾਰਾਂ ਨੂੰ ਆਪਣੇ ਦੁਖੜੇ ਸੁਣਾਏ। ਇਕ ਸਵਾਲ ਦੇ ਜਵਾਬ ਵਿੱਚ ਉਪਰੋਕਤ ਕੋਚ ਸਹਿਬਾਨ ਨੇ ਦੱਸਿਆ ਕਿ ਫਰੀਦਕੋਟ ਵਿਖੇ ਹੋਏ ਸੂਬਾ ਪੱਧਰੀ ਮੁਕਾਬਲਿਆਂ ਵਿੱਚ 2-4 ਨੂੰ ਛੱਡ ਕੇ ਜਿਆਦਾਤਰ ਅਬਜਰਵਰ, ਰੈਫਰੀ, ਚੋਣ ਕਰਤਾ, ਕੋਆਰਡੀਨੇਟਰ ਆਦਿਕ ਅਜਿਹੇ ਲਾਏ ਗਏ ਸਨ, ਜਿੰਨਾ ਨੂੰ ਗੇਂਦ ਤੱਕ ਬਾਰੇ ਕੋਈ ਜਾਣਕਾਰੀ ਨਹੀਂ ਸੀ। ਉਹਨਾਂ ਵੱਲੋਂ ਰੈਫਰੀ ਕੀਤੀ ਗਈ, ਜਿਸ ਕਰਕੇ ਮੈਚਾਂ ਦੇ ਨਤੀਜੇ ਉਹਨਾਂ ਦੀ ਮਰਜੀ ਮੁਤਾਬਿਕ ਨਿਕਲੇ, ਨਿਯਮਾ ਦੇ ਖਿਲਾਫ ਜਾ ਕੇ ਖਿਡਾਰੀਆਂ ਨੂੰ ਹਰਾਇਆ ਅਤੇ ਜਿਤਾਇਆ ਗਿਆ, ਸਿਫਾਰਸ਼ ਦਾ ਬੋਲਬਾਲਾ ਰਿਹਾ। ਉਹਨਾ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਏਜੰਸੀਆਂ ਰਾਹੀਂ ਖੇਡ ਵਿਭਾਗ ਵਿੱਚ ਜੋ ਕੋਚ ਠੇਕੇ 'ਤੇ ਰੱਖੇ ਜਾਂਦੇ ਹਨ, ਗੈਰ ਤਜਰਬੇਕਾਰ ਹੋਣ ਕਰਕੇ ਉਹ ਖੇਡ ਵਿਭਾਗ ਅਤੇ ਸਰਕਾਰੀ ਖਜਾਨੇ ਅਤੇ ਅਕਸ ਦਾ ਬਹੁਤ ਨੁਕਸਾਨ ਕਰ ਰਹੇ ਹਨ। ਉਹਨਾ ਅੰਕੜਿਆਂ ਸਹਿਤ ਦਲੀਲ ਨਾਲ ਇਕ ਇਕ ਸਬੂਤ ਦਿਖਾਉਂਦਿਆਂ ਆਖਿਆ ਕਿ ਪਿਛਲੇ ਸਾਲ ਲੜਕੀਆਂ ਦੀ ਹਾਕੀ ਦੀ ਟੀਮ ਨਾਲ ਕਬੱਡੀ ਦਾ ਕੋਚ ਭੇਜਿਆ ਗਿਆ ਪਰ ਕਿਸੇ ਨੇ ਇਸ ਬਹੁਤ ਵੱਡੀ ਗਲਤੀ ਅਤੇ ਅਣਗਹਿਲੀ ਵੱਲ ਧਿਆਨ ਦੇਣ ਦੀ ਜਰੂਰਤ ਹੀ ਨਹੀਂ ਸਮਝੀ। ਉਹਨਾ ਦੱਸਿਆ ਕਿ ਉਕਤ ਸੂਬਾ ਪੱਧਰੀ ਮੁਕਾਬਲੇ ਫਰੀਦਕੋਟ ਵਿਖੇ 6 ਨਵੰਬਰ ਤੋਂ 9 ਨਵੰਬਰ ਤੱਕ ਹੋਣੇ ਸਨ ਪਰ ਤਜਰਬੇਕਾਰ ਰੈਫਰੀ, ਕੋਆਰਡੀਨੇਟਰ, ਸਿਲੈਕਟਰ ਆਦਿਕ ਪ੍ਰਬੰਧਕ ਨਾ ਹੋਣ ਕਾਰਨ ਉਕਤ ਟੂਰਨਾਮੈਂਟ 9 ਤੋਂ 11 ਨਵੰਬਰ ਤੱਕ ਕਰਨਾ ਪਿਆ, ਫਿਰ ਵੀ ਮੁਕੰਮਲ ਮੈਚ ਨਾ ਹੋ ਸਕੇ, ਜੋ ਬਾਅਦ ਵਿੱਚ ਬਰਨਾਲਾ ਵਿਖੇ ਕਰਵਾਉਣੇ ਪਏ। ਜੇਕਰ ਉਕਤ ਮਾਮਲੇ ਦੀ ਜਾਂਚ ਕਰਵਾਈ ਜਾਵੇ ਤਾਂ ਇਸ ਵਿੱਚ ਪੰਜਾਬ ਸਰਕਾਰ ਦੇ ਲੱਖਾਂ ਰੁਪਏ ਦੀ ਬੱਚਤ ਵੀ ਹੋਣੀ ਸੀ। ਪ੍ਰੈਸ ਕਾਨਫਰੰਸ ਦੌਰਾਨ ਪੁੱਜੇ 'ਆਪ' ਆਗੂ ਮਨਦੀਪ ਸਿੰਘ ਮਿੰਟੂ ਗਿੱਲ ਨੇ ਆਖਿਆ ਕਿ ਸਰਕਾਰ ਵੱਲੋਂ ਕਿਸੇ ਖਿਡਾਰੀ ਨਾਲ ਕੋਈ ਧੱਕੇਸ਼ਾਹੀ ਜਾਂ ਵਿਤਕਰੇਬਾਜੀ ਨਹੀਂ ਹੋਣ ਦਿੱਤੀ ਜਾਵੇਗੀ। ਸੰਪਰਕ ਕਰਨ 'ਤੇ ਮੈਡਮ ਕੇਵਲ ਕੌਰ ਅਸਿਸਟੈਂਟ ਐਜੂਕੇਸ਼ਨ ਅਫਸਰ (ਏ.ਈ.ਓ.) ਫਰੀਦਕੋਟ ਨੇ ਆਖਿਆ ਕਿ ਸਿਲੈਕਸ਼ਨ ਕਮੇਟੀ ਸਰਕਾਰ ਵੱਲੋਂ ਨਿਰਧਾਰਤ ਕੀਤੀ ਜਾਂਦੀ ਹੈ ਤੇ ਉਸ ਵਿੱਚ ਸਾਡੀ ਕੋਈ ਦਖਲਅੰਦਾਜੀ ਨਹੀਂ ਹੁੰਦੀ।

## ਸਰਕਾਰੀ ਸੀਨੀ. ਸੈਕੰ. ਸਕੂਲ ਹਰੀ ਨੌਂ ਦੇ ਵਿਦਿਆਰਥੀਆਂ ਦਾ ਇੱਕ ਰੋਜ਼ਾ ਵਿੱਦਿਅਕ ਟੂਰ ਲਗਾਇਆ

ਵਰਲਡ ਪੰਜਾਬੀ ਟਾਈਮਜ਼ – ਟਿੰਕੂ ਕੁਮਾਰ



ਕੋਟਕਪੂਰਾ, 22 ਦਸੰਬਰ : ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਹਰੀ ਨੌਂ ਦੇ ਵਿਦਿਆਰਥੀਆਂ ਦਾ ਇੱਕ ਰੋਜ਼ਾ ਵਿੱਦਿਅਕ ਟੂਰ ਪ੍ਰਿੰਸੀਪਲ ਸ਼੍ਰੀਮਤੀ ਕੁਲਵਿੰਦਰ ਕੌਰ ਅਤੇ ਸਕੂਲ ਇੰਚਾਰਜ ਸ਼੍ਰੀਮਤੀ ਅਨੀਤਾ ਕਟਾਰੀਆ ਦੀ ਅਗਵਾਈ ਹੇਠ ਸਾਇੰਸ ਸਿਟੀ ਕਪੂਰਥਲਾ ਲਿਜਾਇਆ ਗਿਆ। ਟੂਰ ਵਿੱਚ ਗਏ ਬੱਚਿਆਂ ਨੂੰ ਸਾਇੰਸ ਸਿਟੀ ਦੀ ਯਾਤਰਾ ਦੌਰਾਨ ਸਾਇੰਸ ਸਿਟੀ ਵਿੱਚ ਵੱਖ-ਵੱਖ ਪ੍ਰਾਜੈਕਟ ਅਤੇ ਸ਼ੋਅ ਦਿਖਾਏ ਗਏ ਅਤੇ ਇਹਨਾਂ ਬਾਰੇ ਜਾਣਕਾਰੀ ਦਿੱਤੀ ਗਈ। ਵਿੱਦਿਅਕ ਟੂਰ ਰਵਾਨਾ ਕਰਨ ਸਮੇਂ ਐੱਸ ਐੱਮ ਸੀ ਚੇਅਰਮੈਨ ਅੰਗਰੇਜ਼ ਸਿੰਘ, ਸਾਬਕਾ ਐੱਸ ਐੱਮ ਸੀ ਚੇਅਰਮੈਨ ਰਾਜਿੰਦਰ ਸਿੰਘ, ਐੱਸ ਐੱਮ ਸੀ ਮੈਂਬਰ ਅਤੇ ਰਿਟਾ ਮੁੱਖ ਅਧਿਆਪਕ ਗੇਜ ਰਾਮ ਭੌਰਾ, ਐੱਨ ਐੱਸ ਕਿਉ ਐੱਫ ਅਧਿਆਪਕ ਦਿਲਸ਼ਾਦ ਸਿੰਘ ਅਤੇ ਬੱਚਿਆਂ ਦੇ ਮਾਪੇ ਵੀ ਹਾਜ਼ਰ ਸਨ। ਬੱਚਿਆਂ ਦੀ ਅਗਵਾਈ ਪੰਜਾਬੀ ਲੈਕਚਰਾਰ ਸ਼੍ਰੀਮਤੀ ਚਰਨਜੀਤ ਕੌਰ, ਐੱਨ ਐੱਸ ਕਿਉ ਐੱਫ ਅਧਿਆਪਕਾ ਸ਼੍ਰੀਮਤੀ ਪ੍ਰਿੰਅਕਾ ਪਵਾਰ, ਸ਼੍ਰੀ ਗੁਰਮੇਲ ਸਿੰਘ ਅੰਗਰੇਜੀ ਅਧਿਆਪਕ ਅਤੇ ਸ਼੍ਰੀ ਬਲਵਿੰਦਰ ਸਿੰਘ ਐੱਸ ਐੱਸ ਅਧਿਆਪਕ ਨੇ ਕੀਤੀ। ਇਸ ਟੂਰ ਵਿੱਚ ਵਿੱਚ ਬੱਚਿਆਂ ਨੇ ਸਾਇੰਸ ਪ੍ਰਤੀ ਆਪਣਾ ਰੁਝਾਨ ਪ੍ਰਗਟ ਕੀਤਾ ਅਤੇ ਮਾਪਿਆਂ ਵੱਲੋਂ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ।

## ਸੁਖਦੇਵ ਸਿੰਘ ਸ਼ਾਂਤ ਦੀ 'ਜਪੁ ਜੀ ਤੇ ਹੋਰ ਬਾਣੀਆਂ' ਰਹੱਸਵਾਦੀ ਪੁਸਤਕ

ਵਰਲਡ ਪੰਜਾਬੀ ਟਾਈਮਜ਼ – ਉਜਾਗਰ ਸਿੰਘ




ਸੁਖਦੇਵ ਸਿੰਘ ਸ਼ਾਂਤ ਬਹੁ-ਪੱਖੀ ਲੇਖਕ ਹੈ। ਉਸ ਦੀਆਂ ਸਾਹਿਤ ਦੇ ਵੱਖ-ਵੱਖ ਰੂਪਾਂ ਦੀਆਂ ਲਗਪਗ ਡੇਢ ਦਰਜਨ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਚਾਰ ਗੁਰਮਤਿ ਸਾਹਿਤ, ਪੰਜ ਬਾਲ ਸਾਹਿਤ, ਤਿੰਨ ਕਹਾਣੀ ਸੰਗ੍ਰਹਿ, ਇੱਕ ਕਵਿਤਾ ਅਤੇ ਚਾਰ ਗੁਰਮਤਿ ਨਾਲ ਸੰਬੰਧਤ ਟਰੈਕਟ ਸ਼ਾਮਲ ਹਨ। ਉਹ ਗੁਰਮਤਿ ਨੂੰ ਆਪਣੀਆਂ ਰਚਨਾਵਾਂ ਦਾ ਪ੍ਰੇਰਨਾ ਸ੍ਰੋਤ ਮੰਨਦਾ ਹੈ, ਇਸ ਕਰਕੇ ਉਸ ਦੀਆਂ ਬਹੁਤੀਆਂ ਰਚਨਾਵਾਂ ਗੁਰਮਤਿ ਵਿਚਾਰਧਾਰਾ ਦੇ ਆਲੇ ਦੁਆਲੇ ਹੀ ਘੁੰਮਦੀਆਂ ਹਨ। 'ਜਪੁ ਜੀ ਤੇ ਹੋਰ ਬਾਣੀਆਂ' ਪੁਸਤਕ ਵਿੱਚ 12 ਲੇਖ, ਜਿਹੜੇ ਜਪੁ ਜੀ ਸਾਹਿਬ ਅਤੇ ਹੋਰ ਬਾਣੀਆਂ ਦੇ ਵਿਸ਼ਾ-ਵਸਤੂ, ਕਾਵਿ-ਕਲਾ ਅਤੇ ਸਾਹਿਤਕ ਪੱਖ ਬਾਰੇ ਹਨ। ਪਹਿਲਾ ਲੇਖ ਬਾਣੀ 'ਜਪੁ ਜੀ' ਦਾ ਵਿਸ਼ਾ-ਵਸਤੂ ਹੈ, ਜਿਸ ਵਿੱਚ ਜਪੁ ਜੀ ਸਾਹਿਬ ਦੇ ਵਿਸ਼ਾ-ਵਸਤੂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਬਾਣੀ ਜਪੁ ਜੀ ਨੂੰ, ਦਰਸ਼ਨ, ਭਗਤੀ ਅਤੇ ਬ੍ਰਹਮ-ਗਿਆਨ ਦਾ ਸੁਮੇਲ ਕਿਹਾ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਨੰਦਮਈ ਅਤੇ ਵਿਸਮਾਦੀ ਅਨੁਭਵ ਕਿਹਾ ਜਾ ਸਕਦਾ, ਜੋ ਇਸ ਬਾਣੀ ਦਾ ਧੁਰਾ ਹੈ। ਪਰਮਾਤਮਾ ਇੱਕ ਅਤੇ ਸਦੀਵੀ ਤੌਰ 'ਤੇ ਸਤਿ ਅਰਥਾਤ ਸੱਚਾ ਹੈ, ਸਰਬ-ਸ਼ਕਤੀਮਨ ਅਤੇ ਸਰਬ-ਵਿਆਪੀ ਹੈ, ਸ੍ਰਿਸ਼ਟੀ ਦਾ ਆਦਿ, ਵਿਸ਼ਾਲ ਅਤੇ ਬੇਅੰਤ ਵੀ ਹੈ, ਕਾਲ-ਰਹਿਤ ਸਰੂਪ ਅਨਾਹਿਤ ਹੈ, ਸੁੰਦਰਤਾ, ਪਵਿੱਤਰਤਾ ਅਤੇ ਆਨੰਦ ਨਾਲ ਭਰਪੂਰ ਹੈ, ਚਿਤ ਸਰੂਪ ਵੀ ਹੈ, ਅਜੂਨੀ ਅਤੇ ਸੈਭੰ ਹੈ, ਹੋਂਦ ਤੇ ਹਸਤੀ ਅਮੁੱਲ ਅਤੇ ਬੇਅੰਤ ਹੈ, ਗੁਰ-ਉਪਦੇਸ ਅਤੇ ਪਰਮਾਤਮਾ ਦਾ ਨਾਮ ਇੱਕ ਗੱਲ ਹੀ ਹੈ। ਦੂਜਾ ਲੇਖ 'ਜਪੁ ਜੀ' ਦੀ ਕਾਵਿ-ਕਲਾ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਥੋੜ੍ਹੇ ਸ਼ਬਦਾਂ ਵਿੱਚ ਦਾਰਸ਼ਨਿਕ ਵਿਚਾਰ ਪ੍ਰਗਟਾਏ ਗਏ ਹਨ। ਇਹ ਬਾਣੀ ਸਰੋਦੀ ਰਸ, ਭਗਤੀ ਰਸ ਅਤੇ ਨਾਮ ਦੇ ਅੰਮ੍ਰਿਤ ਰਸ ਨਾਲ ਕਹੀ ਗਈ ਹੈ। ਅਲੰਕਾਰਾਂ ਤੇ ਅਖਾਣਾ ਦੇ ਵੱਖ-ਵੱਖ ਰੂਪਾਂ ਰਾਹੀਂ ਰਸ ਪੈਦਾ ਕਰਕੇ ਸਮਝਾਇਆ ਗਿਆ ਹੈ, ਸ਼ਬਦਾਵਲੀ ਹੀਰਿਆਂ ਦੀ ਤਰ੍ਹਾਂ ਜੜੀ ਗਈ ਹੈ। ਤੀਜਾ ਲੇਖ ਬਾਣੀ 'ਆਸਾ ਦੀ ਵਾਰ' ਦਾ ਵਿਸ਼ਾ-ਵਸਤੂ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 22 ਵਾਰਾਂ ਦਰਜ ਹਨ, ਜਿਨ੍ਹਾਂ ਦੇ ਵੱਖਰੇ-ਵੱਖਰੇ ਰਸ ਹਨ, ਪ੍ਰੰਤੂ ਅਧਿਆਤਮਿਕ ਪੱਖ ਦੀ ਸੂਰਮਤਾਈ ਅਤੇ ਵਿਕਾਰਾਂ 'ਤੇ ਜਿੱਤ ਦਾ ਵਿਸ਼ਾ ਮੁੱਖ ਹੈ। ਆਸਾ ਦੀ ਵਾਰ ਅਧਿਆਤਮਿਕ ਹੈ, ਪਰਮਾਤਮਾ ਇੱਕੋ-ਇੱਕ ਪਰਮ-ਹਸਤੀ ਹੈ, ਸਭ ਸ਼ਕਤੀਆਂ ਉਸ ਦੇ ਪਾਸ ਹਨ, ਸੰਸਾਰ ਦੇ ਜੀਵਾਂ ਦੇ ਦੁੱਖ-ਸੁੱਖ, ਉਤਰਾਅ-ਚੜ੍ਹਾਅ ਅਤੇ ਮਾਨ-ਅਪਮਾਨ ਸਭ ਉਸਦੇ ਹੁਕਮ ਵਿੱਚ ਹਨ, ਆਸਾ ਦੀ ਵਾਰ ਵਿੱਚ ਕੁਦਰਤ ਲਈ ਮੇਦਨੀ, ਲੋਅ, ਖੰਡ, ਬ੍ਰਹਮੰਡ, ਜਗਤੁ, ਜਗੁ ਅਤੇ ਦੁਨੀਆ ਆਦਿ ਸ਼ਬਦ ਵਰਤੇ ਗਏ ਹਨ, ਸੂਰਜ, ਚੰਦਰਮਾ, ਧਰਤੀ, ਹਵਾ, ਪਾਣੀ ਤੇ ਅਗਨੀ ਸਭ ਪਰਮਾਤਮਾ ਅਨੁਸਾਰ ਕੰਮ ਕਰਦੇ ਹਨ, ਉਸਦੀ ਰਚਨਾ ਅਦਭੁਤ ਹੈ। ਆਸਾ ਦੀ ਵਾਰ ਦੇ ਸਮਾਜਿਕ ਪੱਖ ਜ਼ਾਤ-ਪਾਤ, ਇਸਤਰੀ-ਵਰਗ, ਮਰਨ-ਜੰਮਣ, ਰਾਜਨੀਤਕ ਅਵਸਥਾ ਅਤੇ ਵਹਿਮਾ-ਭਰਮਾ ਬਾਰੇ ਵੀ ਲਿਖਿਆ ਗਿਆ ਹੈ। ਚੌਥੇ ਲੇਖ 'ਆਸਾ ਦੀ ਵਾਰ' ਦਾ ਕਲਾਤਮਿਕ ਜਾਂ ਸਾਹਿਤਕ ਪੱਖ ਬਾਰੇ ਦੱਸਿਆ ਗਿਆ ਹੈ। ਇਹ ਬਾਣੀ ਕਾਵਿ-ਰੂਪ ਵਾਰ ਵਿੱਚ ਉਚਾਰੀ ਗਈ ਹੈ। ਦੋ ਕਾਵਿ-ਛੰਦ ਪਉੜੀ ਅਤੇ ਸਲੋਕ ਹੀ ਵਰਤੇ ਗਏ ਹਨ। ਸਾਹਿਤਕ ਅਮੀਰੀ ਦੇ ਪੱਖ ਤੋਂ 'ਆਸਾ ਦੀ ਵਾਰ' ਸ਼ਬਦ ਅਲੰਕਾਰ, ਅਖਾਣ, ਮੁਹਾਵਰੇ, ਵੰਨ-ਸਵੰਨੀ ਸ਼ਬਦਾਵਲੀ ਕਾਵਿ ਰਸ ਪੈਦਾ ਕਰਦੀ ਹੈ। ਅਲੰਕਾਰਾਂ ਦੇ ਸਾਰੇ ਰੂਪ ਵਰਤੇ ਹਨ। ਅਖਾਣ, ਅਖਾਉਤ, ਕਹਾਵਤ, ਲੋਕੋਕਤੀ ਆਦਿ ਸ਼ਬਦ ਮਹਾਂ ਪੁਰਸ਼ਾਂ ਦੇ ਤਜ਼ਰਬਿਆਂ ਦਾ ਸਾਰ ਹੁੰਦਾ ਹੈ। ਕਾਵਿ-ਰਸ ਦੀਆਂ ਕਿਸਮਾਂ ਦੀ ਵਰਤੋਂ ਵੀ ਕੀਤੀ ਗਈ ਹੈ। ਪੰਜਵਾਂ ਲੇਖ ਬਾਣੀ 'ਸਿਧ ਗੋਸਟਿ' ਦਾ ਵਿਸ਼ਾ-ਵਸਤੂ ਸੰਬੰਧੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨੂੰ ਸੰਬਾਦ ਨਾਲ ਪ੍ਰੇਰਿਤ ਕੀਤਾ ਕਿ ਜੰਗਲਾਂ ਵਿੱਚ ਜਾ ਕੇ ਤਿਆਗੀ ਬਣਕੇ ਪਰਮਾਤਮਾ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ, ਸਗੋਂ ਗ੍ਰਹਿਸਤੀ ਵਿੱਚ ਰਹਿਕੇ ਪਰਮਾਤਮਾ ਦਾ ਨਾਮ ਸਿਮਰਨ ਇੱਕਚਿੱਤ ਹੋ ਕੇ ਕਰਨ ਨਾਲ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਗ੍ਰਹਿਸਤ ਵਿੱਚ ਅਨੁਸਸ਼ਾਨ ਵਿੱਚ ਰਹਿਕੇ ਜੀਵਨ ਸਫਲ ਕੀਤਾ ਜਾ ਸਕਦਾ ਹੈ। ਸਿਧ ਗੋਸਿਟ ਅਧਿਆਤਮਿਕ ਸੰਬਾਦ ਹੈ। ਗੁਰੂ ਸਾਹਿਬ ਨੇ ਸਿਧਾਂ ਨੂੰ ਪ੍ਰਸ਼ਨਾਂ ਦੇ ਦਾਰਸ਼ਨਿਕ ਉਤਰ ਦਿੰਦਿਆਂ ਸਮਝਾਇਆ ਕਿ ਭੇਖੀ ਬਣਕੇ ਕੋਈ ਪ੍ਰਾਪਤੀ ਨਹੀਂ ਹੋ ਸਕਦੀ ਸਗੋਂ ਸਰੀਰ ਦੀ ਥਾਂ ਮਨ ਨੂੰ ਸੋਧਣ ਦੀ ਲੋੜ ਹੈ। ਆਪਣੇ ਆਪ ਨੂੰ ਸਰੀਰਕ ਦਿੱਖ ਦੇ ਤੌਰ 'ਤੇ ਨਹੀਂ ਮਾਨਸਿਕ ਤੌਰ 'ਤੇ ਬਦਲਣ ਦੀ ਜ਼ਰੂਰਤ ਹੈ। ਮਾਇਆ, ਲਾਲਚ, ਹਉਮੈ ਤੋਂ ਵੀ ਮਨ ਹੀ ਬਚਾ ਸਕਦਾ ਹੈ। ਦੁਨਿਆਵੀ ਵਸਤਾਂ ਤੋਂ ਭੱਜਣ ਨਾਲ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਯੋਗ ਜੀਵਨ ਜਾਚ ਨਹੀਂ। ਛੇਵਾਂ ਲੇਖ ਬਾਣੀ 'ਸਿਧ ਗੋਸਟਿ' ਦੀ ਕਾਵਿ-ਕਲਾ ਬਾਰੇ ਹੈ। ਸੰਗੀਤਕ, ਸਰੋਦੀ ਅਤੇ ਸ਼ਾਂਤ-ਰਸ ਵਾਲੀ ਬਾਣੀ ਸਿਧ ਗੋਸਟ ਹੈ। ਸਿਧ ਗੋਸਟਿ ਵਿੱਚ ਵੀ ਸ਼ਬਦ ਅਲੰਕਾਰ, ਅਰਥ ਅਲੰਕਾਰ, ਮੁਹਾਵਰੇ ਅਤੇ ਕਈ ਤਰ੍ਹਾਂ ਦੀ ਸ਼ਬਦਾਵਲੀ ਵਰਤੀ ਗਈ ਹੈ। ਹਰ ਤਰ੍ਹਾਂ ਦੇ ਮੁਹਾਵਰੇ ਤੇ ਅਲੰਕਾਰਾਂ ਦੀ ਵਰਤੋਂ ਵੀ ਕੀਤੀ ਗਈ ਹੈ। ਸੱਤਵਾਂ ਲੇਖ ਬਾਣ 'ਬਾਰਹ ਮਾਹਾ ਤੁਖਾਰੀ' ਦਾ ਕੇਂਦਰੀ ਵਿਸ਼ਾ-ਵਸਤੂ ਸੰਬੰਧੀ ਹੈ। ਬਾਰਾਹ ਮਾਹਾ, ਰੁਤੀ, ਥਿਤੀ, ਸਤਵਾਰਾ, ਪਹਰੇ ਅਤੇ ਦਿਨ-ਰੈਣਿ ਜੀਵਨ ਜਾਚ ਦਾ ਉਤਮ ਉਪਦੇਸ਼ ਦੇਣ ਲਈ ਵਰਤੇ ਗਏ ਹਨ। ਕਾਵਿ-ਰੂਪ ਬਾਰਾਹ ਮਾਹਾ ਅਤੇ ਰੁੱਤੀ ਦਾ ਨੇੜੇ ਦਾ ਸੰਬੰਧ ਹੈ। ਬਾਰਾ ਮਾਹਾ ਮਹੀਨੇ ਵਾਰ ਬਦਲਦੇ ਬਾਰਾਂ ਮਹੀਨਿਆਂ ਦੇ ਮੌਸਮ ਅਤੇ ਵਾਤਾਵਰਨ ਨਾਲ ਸੰਬੰਧਤ ਹੈ। ਰਾਗ ਤੁਖਾਰੀ ਵਿੱਚ ਦਰਜ ਬਾਣੀ 'ਬਾਰਾਹ ਮਾਹਾ' ਦੀਆਂ ਕੁਲ ਸਤਾਰਾਂ ਪਉੜੀਆਂ ਹਨ। ਪੰਜਵੀਂ ਪਉੜੀ ਤੋਂ ਸੋਲ੍ਹਵੀਂ ਪਉੜੀ ਤੱਕ ਬਾਰਾਂ ਪਉੜੀਆਂ ਬਾਰਾਂ ਮਹੀਨਿਆਂ 'ਤੇ ਅਧਾਰਤ ਹਨ। ਤੁਖਾਰੀ ਰਾਗ ਵਿੱਚ ਬਿਰਹਾ ਅਤੇ ਮਿਲਾਪ, ਪਰਮਾਤਮਾ ਨਾਲ ਮਿਲਾਪ ਦੀਆਂ ਅਵਸਥਾਵਾਂ, ਮਿਲਾਪ ਲਈ ਨੈਤਿਕ ਗੁਣਾਂ, ਪ੍ਰਕ੍ਰਿਤੀ ਚਿਤਰਣ, ਬਾਰਹ ਮਾਹਾ, ਤੁਖਾਰੀ ਅਤੇ ਬਾਰਹ ਮਾਹਾ, ਮਾਝ ਵਿੱਚ ਸਾਂਝਾ ਦਿਸ਼ਟੀਕੋਣ ਅਤੇ ਸ਼ਬਦਾਵਲੀ ਬਾਰੇ ਵਿਸਤਾਰ ਨਾਲ ਦਰਸਾਇਆ ਗਿਆ ਹੈ। ਅੱਠਵਾਂ ਲੇਖ ਬਾਣੀ 'ਬਾਰਹ ਮਾਹਾ ਤੁਖਾਰੀ' ਦਾ ਸਾਹਿਤਕ ਪੱਖ ਬਾਰੇ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਪ੍ਰਕ੍ਰਿਤੀ ਚਿਤਰਣ ਇਸ ਬਾਣੀ ਦਾ ਕੇਂਦਰੀ ਨੁਕਤਾ ਹੈ, ਸਾਹਿਤਕ ਪੱਖ ਵਿੱਚ ਵਰਤੇ ਗਏ ਅਲੰਕਾਰਾਂ, ਅਖਾਣਾਂ, ਮੁਹਾਵਰੇ ਅਤੇ ਮੁਹਾਵਰਿਆਂ ਦੇ ਸਾਰੇ ਰੂਪ ਵਰਤੇ ਗਏ ਹਨ, ਜਿਨ੍ਹਾਂ ਵਿੱਚ ਛੇਕ ਅਨੁਪ੍ਰਾਸ, ਦ੍ਰਿਸ਼ਟਾਂਤ, ਰਤਨਾਵਲੀ, ਅਰਥਾਵ੍ਰਿਤੀ ਦੀਪਕ, ਉਪਮਾ ਅਤੇ ਮੁਹਾਵਰੇ ਰੰਗ ਮਾਣਨਾ, ਕਾਰਜ ਸੰਵਾਰਨਾ, ਬਲਿਹਾਰੇ ਜਾਣਾ, ਮਨ ਡੋਲਣਾ, ਭੱਠੀ ਵਾਂਗ ਤਪਣਾ, ਕਿਵਾੜ ਖੋਲ੍ਹਣਾ, ਅੱਧੀ ਕੌਡੀ ਦਾ ਨਾ ਹੋਣਾ। ਨੌਂ ਕਾਵਿ- ਰਸਾਂ ਸ਼ਿੰਗਾਰ, ਸ਼ਾਂਤ, ਅਦਭੁੱਤ, ਕਰੁਣਾ, ਬੀਰ, ਬੀਭਤਸ, ਰੌਦ੍ਰ, ਭਯਾਨਕ ਅਤੇ ਹਾਸ-ਰਸ ਵਿੱਚੋਂ ਸ਼ਿੰਗਾਰ-ਰਸ ਦੀ ਵਰਤੋਂ ਕੀਤੀ ਜਾਂਦੀ ਹੈ। ਨੌਵੇਂ ਲੇਖ ਬਾਣੀ 'ਓਅੰਕਾਰੁ' ਦਾ ਵਿਸ਼ਾ-ਵਸਤੂ ਬਾਰੇ ਹੈ। ਬਾਣੀ ਓਅੰਕਾਰ ਵੀ ਅੱਖਰਾਂ 'ਤੇ ਅਧਾਰਤ ਕਰਕੇ ਲਿਖੀ ਹੋਈ ਹੈ। ਇਸਦਾ ਸੰਦੇਸ ਸਰਬ-ਵਿਆਪੀ ਅਤੇ ਸਰਬ-ਕਾਲੀ ਹੈ। ਓਅੰਕਾਰ ਸ੍ਰਿਸ਼ਟੀ ਨੂੰ ਘੜਨ-ਭੰਨਣ ਵਾਲਾ ਇੱਕੋ-ਇੱਕੋ ਹੈ। ਓਅੰਕਾਰ ਨਾਮ-ਸਿਮਰਨ ਦੀ ਮਹਿਮਾ, ਸੱਚਾ ਤੇ ਕੱਚਾ ਗੁਰੂ, ਵਿੱਦਿਆ ਦੇਣ ਵਾਲਿਆਂ ਪ੍ਰਤੀ ਉਪਦੇਸ਼ ਦੇਣ ਵਾਲਾ, ਮਾਇਆ ਸੰਬੰਧੀ ਜਾਣਕਾਰੀ ਦੇਣ ਵਾਲਾ ਹੈ। ਦਸਵਾਂ ਲੇਖ ਬਾਣੀ 'ਓਅੰਕਾਰ' ਦੀ ਕਾਵਿ-ਕਲਾ ਬਾਰੇ ਹੈ। ਭਾਸ਼ਾ, ਸ਼ਬਦਾਵਲੀ, ਅਲੰਕਾਰਾਂ, ਅਖਾਣਾਂ ਅਤੇ ਮੁਹਾਵਰਿਆਂ ਦੇ ਪੱਖੋਂ ਇਹ ਬਾਣੀ ਇੱਕ ਅਮੀਰ ਸਾਹਿਤਕ ਰੰਗ ਵਾਲੀ ਹੈ। ਰਾਗਾਤਮਿਕ ਅਤੇ ਸਰੋਦੀ ਰਸ ਨਾਲ ਭਰਪੂਰ ਬਾਣੀ ਹੋਣ ਕਰਕੇ ਇਸ ਬਾਣੀ ਦਾ ਪਾਠ ਜ਼ੁਬਾਨ ਅਤੇ ਕੰਨਾਂ ਵਿੱਚ ਮਿੱਠਾ ਰਸ ਘੋਲਦਾ ਹੈ। ਗਿਆਰਵਾਂ ਲੇਖ ਬਾਣੀ 'ਪਟੀ ਲਿਖੀ' ਦਾ ਕੇਂਦਰੀ ਵਿਸ਼ਾ-ਵਸਤੂ ਸੰਬੰਧੀ ਹੈ। ਪਟੀ ਸ਼ਬਦ ਨੂੰ ਪੱਟੀ, ਫੱਟੀ ਜਾਂ ਤਖ਼ਤੀ ਵਜੋਂ ਕਹਿ ਲੱਕੜ ਦੀ ਬਣੀ ਫੱਟੀ ਵਜੋਂ ਜਾਣਿਆਂ ਜਾਂਦਾ ਹੈ। ਇਸ ਲਈ ਪੈਂਤੀ ਅੱਖਰੀ ਦਾ ਭਾਵ ਅਰਥ ਵੀ ਪੱਟੀ ਤੋਂ ਹੀ ਲਿਆ ਜਾਂਦਾ ਹੈ। ਪੱਟੀ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਇਹੀ ਸਿੱਖਿਆ ਦਿੱਤੀ ਹੈ ਕਿ ਗਿਆਨ ਦਾ ਸੋਮਾ ਪਰਮਾਤਮਾ ਹੈ। ਬਾਣੀ ਪੱਟੀ ਵਿੱਚ ਪਰਮਾਤਮਾ ਦੇ ਅਨੇਕ ਨਾਮ ਦੱਸੇ ਹਨ, ਜਿਵੇਂ ਸਾਹਿਬੁ, ਆਦਿ ਪੁਰਖ, ਦਾਤਾ, ਸੱਚਾ, ਪਰਮੇਸ਼ਰ, ਪਾਤਿਸ਼ਾਹ ਆਦਿ। ਪੱਟੀ ਵਿੱਚ ਸਿੱਧੇ ਤੌਰ 'ਤੇ ਪਰਮਾਤਮਾ ਨੂੰ ਯਾਦ ਰੱਖਣ ਦਾ ਅਤੇ ਸੰਸਾਰਕ ਧੰਦਿਆਂ ਵਿੱਚ ਖਚਿਤ ਨਾ ਹੋਣ ਦਾ ਉਪਦੇਸ਼ ਦਿੱਤਾ ਹੈ। ਬਾਰਵੇਂ ਲੇਖ ਵਿੱਚ ਬਾਣੀ 'ਪਟੀ ਲਿਖੀ ਦਾ ਸਾਹਿਤਕ ਪੱਖ, ਜਿਨ੍ਹਾਂ ਵਿੱਚ ਅਲੰਕਾਰ, ਅਖਾਣ, ਸ਼ਬਦਾਵਲੀ ਅਤੇ ਮੁਹਾਵਰੇ ਵਰਤੇ ਗਏ ਹਨ। ਇਥੇ ਇਹ ਦੱਸਣਾ ਜ਼ਰੂਰੀ ਬਣਦਾ ਹੈ ਕਿ ਇਸ ਪੁਸਤਕ ਵਿਚਲੇ ਬਾਰਾਂ ਲੇਖ ਸਾਰੇ ਇੱਕ ਦੂਜੇ ਨਾਲ ਮਿਲਦੇ ਜੁਲਦੇ ਹਨ ਕਿਉਂਕਿ ਸਾਹਿਤਕ, ਕਾਵਿਕ ਅਤੇ ਵਿਸ਼ਾ ਵਸਤੂ ਗੁਰਬਾਣੀ ਦੇ ਲਗਪਗ ਇੱਕੋ ਜਿਹੇ ਹਨ, ਜਿਨ੍ਹਾਂ ਵਿੱਚ ਗੁਰਬਾਣੀ ਦੀ ਵਿਚਾਰਧਾਰਾ ਸਮੋਈ ਹੋਈ ਹੈ। ਇਸ ਕਰਕੇ ਦੁਹਰਾਓ ਵੀ ਲੱਗਦਾ ਹੈ।

270 ਪੰਨਿਆਂ, 395 ਰੁਪਏ ਕੀਮਤ ਵਾਲੀ, ਇਹ ਪੁਸਤਕ ਸੰਗਮ ਪਬਲੀਕੇਸ਼ਨ ਸਮਾਣਾ ਨੇ ਪ੍ਰਕਾਸ਼ਤ ਕੀਤੀ ਹੈ।

